# ਅਜਮੇਰ ਸਿੰਘ ਔਲਖ ਦਾ ਨਾਟਕ: ਨਿੱਕੇ ਸੂਰਜਾਂ ਦੀ ਲੜਾਈ

## (ਵਿਸ਼ਵੀਕਰਣ ਦੀ ਤ੍ਰਾਸਦੀ)

ਡਾ. ਰਵਿੰਦਰ ਸਿੰਘ

ਅਜਮੇਰ ਸਿੰਘ ਔਲਖ ਪੰਜਾਬ ਦੇ ਕਿਰਸਾਨੀ ਜੀਵਨ ਦੀਆਂ ਸਮੱਸਿਆਵਾਂ ਨੂੰ ਪ੍ਰਗਤੀਵਾਦੀ ਵਿਚਾਰਧਾਰਾ ਨਾਲ ਪੇਸ਼ ਕਰਨ ਵਾਲਾ ਪੰਜਾਬੀ ਦਾ ਪ੍ਰਤੀਨਿੱਧ ਨਾਟਕਕਾਰ ਹੈ। ਉਹ ਪਿੱਛਲੇ ਲਮੇਂ ਸਮੇਂ ਤੋਂ ਨਿਰੰਤਰ ਬਹੁਤ ਸੁਹਿਰਦਤਾ ਅਤੇ ਵਚਨਬੱਧਤਾ ਨਾਲ ਪੇਂਡੂ ਜੀਵਨ ਦੀਆਂ ਸਮੱਸਿਆਵਾਂ ਨੂੰ ਯਥਾਰਥ ਰੂਪ ਵਿਚ ਚਿੱਤਰਦਾ ਆ ਰਿਹਾ ਹੈ। ਅਜੋਕੇ ਸਮੇਂ ਵਿਚ ਜਦੋਂ ਪੂਰਾ ਵਿਸ਼ਵ ਵਿਸ਼ਵੀਕਰਣ, ਉਦਾਰੀਕਰਣ ਅਤੇ ਨਿੱਜੀਕਰਣ ਦੇ ਦੌਰ ਵਿਚੋਂ ਗੁਜ਼ਰ ਰਿਹਾ ਹੈ ਤਾਂ ਇਸ ਅਮਲ ਨਾਲ ਪੰਜਾਬ ਦੀ ਕਿਰਤੀ ਅਤੇ ਕਿਰਸਾਨੀ ਜਮਾਤ ਵੀ ਪ੍ਰਭਾਵਿਤ ਹੋਈ ਹੈ। ਅਜਮੇਰ ਔਲਖ ਦਾ ਹੱਥਲਾ ਨਾਟਕ ਇਸੇ ਜਮਾਤ ਦੀ ਨਿੱਘਰ ਰਹੀ ਹਾਲਤ ਅਤੇ ਉਨ੍ਹਾਂ ਦੇ ਸੰਘਰਸ਼ ਨੂੰ ਪੇਸ਼ ਕਰਨ ਵਲ ਰੁਚਿਤ ਹੈ।

ਵਿਸ਼ਵੀਕਰਣ ਦਾ ਅਮਲ ਭਾਰਤ ਅਤੇ ਵਿਸ਼ੇਸ਼ ਕਰਕੇ ਪੰਜਾਬ ਵਿਚ ਮਾੜੇ ਪ੍ਰਭਾਵ ਵਧੇਰੇ ਪਾ ਰਿਹਾ ਹੈ ਕਿਉਂਕਿ ਪੰਜਾਬ ਦਾ ਕਿਰਤੀ ਪਹਿਲੋਂ ਕਿਰਸਾਨੀ ਵਿਚੋਂ ਲੰਘਿਆ ਹੈ। ਕਿਰਸਾਨੀ ਜੀਵਨ ਦੇ ਨਾਲ ਉਸਨੇ ਪਹਿਲਾਂ ਜਗੀਰਦਾਰੀ ਸਮਾਜਕ/ਆਰਥਕ ਵਿਵਸਥਾ ਦਾ ਸਮਾਂ ਵੇਖਿਆ ਤੇ ਹੰਢਾਇਆ ਹੈ। ਉਸਦਾ ਜੀਵਨ ਮਸ਼ੀਨੀ ਯੁੱਗ ਨੂੰ ਪੂਰੀ ਤਰ੍ਹਾਂ ਅਪਣਾ ਵੀ ਨਹੀਂ ਪਾਇਆ ਸੀ ਕਿ ਅਗਲਾ ਵਪਾਰਕ ਦੌਰ ਸ਼ੁਰੂ ਹੋ ਗਿਆ। ਭਾਰਤ ਵਰਗੇ ਗ਼ਰੀਬ ਮੁਲਕ ਵਿਚ ਜਿੱਥੇ ਭ੍ਰਿਸ਼ਟਾਚਾਰ ਦੀਆਂ ਜੜ੍ਹਾਂ ਬਹੁਤ ਡੂੰਘੀਆਂ ਹਨ ਉਥੇ ਇਸ ਅਮਲ ਦੇ ਵੀ ਵਿਗੜੇ ਰੂਪ ਅਤੇ ਸਿੱਟੇ ਹੀ ਸਾਹਮਣੇ ਆ ਰਹੇ ਹਨ। ਔਲਖ ਨੇ ਇਸ ਨਾਟਕ ਵਿਚ ਵਰਤਮਾਨ ਪੰਜਾਬੀ ਸਮਾਜ ਸਾਹਮਣੇ ਪੇਸ਼ ਨਵੀਆਂ ਵੰਗਾਰਾਂ ਨੂੰ ਆਪਣੇ ਨਾਟਕ ਦੀ ਪਿੱਠਭੂਮੀ ਵਿਚ ਰਖਿਆ ਹੈ। ਉਸਦਾ ਸਰੋਕਾਰ ਪੇਂਡੂ ਕਿਰਸਾਨੀ ਜੀਵਨ ਵਿਚੋਂ ਉਠਕੇ ਕਿਰਤੀ ਬਣੇ ਉਸ ਗ਼ਰੀਬ ਤਬਕੇ ਨਾਲ ਹੈ ਜੋ ਸ਼ਹਿਰ ਵਿਚ ਜਾਕੇ ਫੈਕਟਰੀਆਂ ਅਤੇ ਮਿੱਲਾਂ ਵਿਚ ਕੰਮ ਕਰਨ ਲਈ ਮਜਬੂਰ ਹੋਇਆ। ਇਸਦਾ ਪ੍ਰਮੁੱਖ ਕਾਰਣ ਕਿਸਾਨਾਂ ਦੀ ਮਾਂਦੀ ਆਰਥਕ ਹਾਲਤ ਨੂੰ ਮੰਨਿਆ ਗਿਆ ਹੈ। ਹਰੀ-ਕ੍ਰਾਂਤੀ ਨਾਂ ਦੇ ਨਾਲ ਮਸ਼ਹੂਰ ਹੋਏ ਦੌਰ ਨੇ ਪੰਜਾਬ ਦੇ ਇਕ ਵੱਡੇ ਅਤੇ ਸਮਰੱਥ ਕਿਸਾਨ ਤਬਕੇ ਨੂੰ ਵਧੇਰੇ ਲਾਭ ਪੁਚਾਇਆ ਸੀ। ਇਸ ਦੌਰ ਦੇ ਨਾਲ ਤੁਰਨ ਦੀ ਮਜਬੂਰੀ ਨੇ ਛੋਟੀ ਕਿਰਸਾਨੀ ਨੂੰ ਖੇਤੀਬਾੜੀ ਦੇ ਨਵੇਂ ਤੌਰ ਤਰੀਕੇ ਅਪਨਾਉਣ ਕਾਰਣ ਕਰਜ਼ਾਈ ਵੀ ਕਰ ਦਿੱਤਾ ਸੀ। ਨਾਟਕ ਵਿਚ ਇਸ ਗੱਲ ਵਲ ਇਸ਼ਾਰਾ ਵੀ ਕੀਤਾ ਗਿਆ ਹੈ। ਜਿਵੇਂ ਕਿ:

"ਸੁਖਦੇਵ: ...ਉਹਨੇ ਕਿਹਾ ਨੀ ਸੀ ਬਈ ਨਾ ਲਉ ਟਰੈਕਟਰ! ਗਰੀਬ ਕਿਸਾਨ ਦੇ ਨੀ ਰਾਸ ਆਉਣ ਆਲ਼ੀ ਇਹ ਮਸ਼ੀਨਰੀ!"

ਇਹ ਇਕ ਅਜਿਹਾ ਕਾਰਣ ਸੀ ਜਿਸ ਕਰਕੇ ਛੋਟੇ ਕਿਸਾਨ ਕਰਜ਼ਾਈ ਤਾਂ ਹੋਏ ਹੀ ਸਗੋਂ ਆਪਣੀ ਜੱਦੀ ਜ਼ਮੀਨ ਵੇਚਣ ਦੀ ਗਲਬਾਤ ਵੀ ਕਰਨ ਲੱਗ ਪਏ। ਭਾਵੇਂ ਕਿ ਇਹ ਇਕੋ ਕਾਰਣ ਨਹੀਂ ਸੀ ਸਗੋਂ ਛੋਟੀ ਕਿਰਸਾਨੀ ਨੂੰ ਮਸ਼ੀਨੀਕਰਣ ਦੇ ਦਬਾਅ ਹੇਠ ਰਹਿਣ ਤੋਂ ਇਲਾਵਾ ਹੋਰਨਾਂ ਸਮਾਜਕ ਕਾਰਜਾਂ ਦੀ ਪੂਰਤੀ ਲਈ ਵੀ ਤੰਗੀ ਝੱਲਣੀ ਪੈਂਦੀ ਹੈ ਧੀਆਂ-ਭੈਣਾਂ ਦੇ ਵਿਆਹ ਲਈ ਵੀ ਕਰਜ਼ਾ ਚੁੱਕਣਾ ਪੈਂਦਾ ਹੈ। ਪਰ ਛੋਟੀ ਕਿਰਸਾਨੀ ਨੇ ਜਿਸ ਖੁਸ਼ਹਾਲੀ ਦੇ ਸੁਪਨੇ ਲਈ ਟਰੈਕਟਰ ਆਦਿ ਖਰੀਦੇ ਉਸੇ ਦੀਆਂ ਕਿਸ਼ਤਾਂ ਨਾ ਮੋੜਨ ਕਾਰਣ ਟਰੈਕਟਰ ਵਿਕ ਗਿਆ ਜਾਂ ਕਿਸ਼ਤਾਂ ਪੂਰੀਆਂ ਕਰਨ ਲਈ ਜ਼ਮੀਨ ਵੀ ਵਿੱਕ ਗਈ। ਨਤੀਜਾ ਇਹ ਹੋਇਆ ਕਿ ਜਿਸ ਜ਼ਮੀਨ ਦੀ ਕਾਸ਼ਤ ਲਈ ਟਰੈਕਟਰ ਲਿਆ ਉਹ ਉਸੇ ਜ਼ਮੀਨ ਨੂੰ ਖਾ ਗਿਆ। ਨਾ ਜ਼ਮੀਨ ਰਹੀ ਅਤੇ ਨਾ ਹੀ ਮਸ਼ੀਨ। ਇਸ ਬਦਲਾਵ ਦੇ ਦੌਰ ਵਿਚ ਬਰਬਾਦ ਹੋ ਚੁੱਕਿਆ ਕਿਸਾਨ ਜੀਉਂਦਿਆਂ ਰਹਿਣ ਲਈ ਸਿਰਫ ਸ਼ਹਿਰ ਵੱਲ ਮੂੰਹ ਕਰ ਸਕਦਾ ਸੀ। ਇਸ ਸਥਿਤੀ ਨੇ ਉਸ ਦੇ ਘਰੇਗੀ ਰਿਸ਼ਤਿਆਂ ਨੂੰ ਵੀ ਪ੍ਰਭਾਵਿਤ ਕੀਤਾ ਤੇ ਸਮਾਜਕ ਸਾਕਾਚਾਰੀ ਨੂੰ ਵੀ। ਜੱਟ ਲਈ ਜ਼ਮੀਨ ਨੂੰ ਵੇਚਣਾ ਹੀ ਇਕ ਬਹੁਤ ਸੰਕਟਮਈ ਸਥਿਤੀ ਪੈਦਾ ਕਰਦਾ ਹੈ ਤੇ ਇਸਦਾ ਹਵਾਲਾ ਨਾਟਕ ਵਿਚ ਬੇਬੇ ਦੇ ਵਾਰਤਾਲਾਪ ਰਾਹੀਂ ਮਿਲਦਾ ਹੈ। ਪੰਜਾਬ ਵਿਚ ਕਿਸਾਨ ਅਤੇ ਜ਼ਮੀਨ ਦਾ ਜੋ ਗਹਿਰਾ ਰਿਸ਼ਤਾ ਬਣਿਆ ਹੋਇਆ ਹੈ ਉਸ ਨੂੰ ਟੁੱਟਦਿਆਂ ਵੇਖਣਾ ਬਜ਼ੁਰਗ ਪੀੜ੍ਹੀ ਲਈ ਬਹੁਤ ਕਠਿਨ ਹੈ। 'ਬੇਬੇ' ਵੀ ਜ਼ਮੀਨ ਵੇਚਣ ਦਾ ਵਿਰੋਧ ਕਰਦੀ ਹੋਈ ਪੁੱਤਰਾਂ ਨੂੰ ਤਰਲੇ ਪਾਉਂਦੀ ਹੈ:

"ਬੇਬੇ: ਨਈਂ ਈਂਈ!!! ਮੈਂ ਨੀ ਵੇਚਣ ਦਿੰਦੀ ਇਹ ਜ਼ਮੀਨ!

...ਥੋਡੀ ਹਿੰਮਤ ਕਿਵੇਂ ਪਈ ਇਹਦਾ ਸੌਦਾ ਕਰਨ ਦੀ!? ਤੁਸੀਂ ਬਣਾਈ ਸੀ ਇਹ ਜ਼ਮੀਨ? ਥੋਡੇ ਬਾਪ ਨੇ ਬਣਾਈ ਸੀ ਇਹ ਜ਼ਮੀਨ! ਲਹੂ-ਮਿੱਟੀ ਇੱਕ ਕਰ ਕੇ! ਸ਼ਰੀਕਾਂ ਮੂਹਰੇ ਹਿੱਕਾਂ ਡਾਹ-ਡਾਹ ਕੇ!... ਤੇ ਤੁਸੀਂ ਮੌਜ ਨਾਲ਼ ਸੌਦਾ ਕਰ ਆਏ ਇਸਦਾ!? ਥੋਨੂੰ ਕੀ ਪਤੈ ਜ਼ਮੀਨ ਕੀ ਹੁੰਦੀ ਐ ਜੱਟ ਦੀ?"

ਪਰ ਹਕੀਕਤ ਤਾਂ ਇਹ ਬਣ ਗਈ ਹੈ ਕਿ ਕਿਸਾਨਾਂ ਮੂਹਰੇ ਇਸ ਤੋਂ ਇਲਾਵਾ ਕੋਈ ਚਾਰਾ ਹੀ ਨਹੀਂ ਰਿਹਾ। ਇਸ ਨਾਲ ਉਨ੍ਹਾਂ ਦੀ ਸਮਾਜਕ ਸਥਿਤੀ ਵਿਚ ਬਦਲਾਵ ਆਉਣਾ ਵੀ ਲਾਜ਼ਮੀ ਹੋ ਗਿਆ।

"ਮੇਜਰ: ਗੁੱਸੇ ਨਾਲ਼ ਮਿਹਨਤ-ਮਜ਼ਦੂਰੀ ਕਰਨੀ ਐਂ ਏਥੇ ਆਪਣੇ ਪਿੰਡ ਵਿਚ ਕਰ ਲਉ। ਜ਼ਰੂਰ ਮੰਡੀ ਦੇ ਸੇਠਾਂ-ਸਰਦਾਰਾਂ ਦਾ ਗੋਹਾ-ਕੂੜਾ ਕਰਨੈਂ?

ਚਰਨਾ: ਏਥੇ ਸ਼ਰੀਕਾਂ ਮੂਹਰੇ ਕੀਤੇ ਜਾਂਦੇ ਐ ਦੂਜੀਆਂ ਜਾਤਾਂ ਵਾਲੇ ਕੰਮ? ਨਾਲੇ ਤੂੰ ਕਰਲੇਂਗਾ!"

ਪੇਂਡੂ ਜੀਵਨ ਤੋਂ ਸ਼ਹਿਰੀ ਜੀਵਨ ਵਿਚ ਪ੍ਰਵੇਸ਼ ਕਰਨ ਨਾਲ ਆਪਣਾ ਜਾਤੀਗਤ ਸੁਭਾ ਵੀ ਬਦਲਨਾ ਪਿਆ ਹੈ। ਇਸ ਤਰ੍ਹਾਂ ਜ਼ਮੀਨ ਵਿਕਣ 'ਤੇ ਜੱਟ ਨੂੰ ਜਾਂ ਕਿਰਸਾਣ ਨੂੰ ਕਿਰਤੀ ਬਣਨਾ ਪਿਆ। ਕਿੱਤਾ ਮੁਖੀ ਸਮਾਜਕ ਬਣਤਰ ਦੀਆਂ ਕਦਰਾਂ ਕੀਮਤਾਂ ਦਾ ਟਾਕਰਾ ਵੀ ਕਰਨਾ ਪਿਆ। ਨਵੇਂ ਸਮਾਜਕ ਸਮੀਕਰਣਾਂ ਜਾਂ ਨਵੀਂ ਸਮਾਜਕ ਬਣਤਰ ਦਾ ਹਿੱਸਾ ਬਣਨਾ ਪਿਆ। ਕਿਰਤ ਦਾ ਕਾਰਜ ਵੀ ਜ਼ਿਆਦਾਤਰ ਬਹੁਤ ਮਾਮੂਲੀ ਕਿਰਤ ਤੋਂ ਸ਼ੁਰੂ ਕਰਨਾ ਪਿਆ।

"ਮੇਜਰ: ...ਚਰਨ ਸਿਉਂ ਬਾਈ ਦਾ ਕੀ ਬਣਨਾ ਸੀ? ਚਰਨ ਸਿਉਂ ਬਾਈ ਦਾ ਉਹੀ ਬਣੂ ਜੋ ਸਮੁੱਚੀ ਛੋਟੀ ਕਿਸਾਨੀ ਦਾ ਬਣ ਰਿਹੈ ਤੇ ਬਣਨ ਜਾ ਰਿਹੈ! ਚਰਨ ਸਿਉਂ ਬਾਈ ਬਣੂ ਪਰੋਲੇਤਾਰੀ! ਜਾਨੀ ਇੱਕ ਮਜ਼ਦੂਰ!"

ਇਸ ਪੜਾਅ ਤਕ ਨਾਟਕ ਵਿਚਲੀਆਂ ਸਥਿਤੀਆਂ ਇਕ ਤਰ੍ਹਾਂ ਨਾਲ ਅਜਿਹੇ ਮਜ਼ਦੂਰ ਵਰਗ ਨਾਲ ਸਰੋਕਾਰ ਜੋੜਦੀਆਂ ਪ੍ਰਤੀਤ ਹੁੰਦੀਆਂ ਹਨ ਜਿਸਦਾ ਪਿਛੋਕੜ ਵਧੇਰੇ ਕਰਕੇ ਕਿਰਸਾਨੀ ਵਾਲਾ ਸੀ ਅਤੇ ਉਹ ਅਗੋਂ ਜਾਕੇ ਕਿਰਤੀਆਂ ਵਾਲੀ ਮਾਨਸਿਕਤਾ ਨੂੰ ਕਾਫੀ ਹੱਦ ਤੱਕ ਅਪਣਾ ਚੁੱਕਾ ਹੈ। ਇਥੋਂ ਨਾਟਕ ਦਾ ਅਗਲਾ ਪੜਾਅ ਸ਼ੁਰੂ ਹੁੰਦਾ ਹੈ ਜੋ ਸ਼ਹਿਰੀ ਮਾਹੌਲ ਵਿਚ ਵਿਚਰਨ ਵਾਲੇ ਕਿਰਤੀ ਤਬਕੇ ਦੇ ਸਰੋਕਾਰਾਂ ਨਾਲ ਜੁੜਦਾ ਹੈ। ਸ਼ਹਿਰ ਦਾ ਮਾਹੌਲ ਪਿੰਡ ਦੇ ਮਾਹੌਲ ਨਾਲੋਂ ਕਈ ਗੱਲਾਂ ਕਰਕੇ ਵੱਖਰਾ ਹੁੰਦਾ ਹੈ ਜਿਸ ਵਿਚੋਂ ਕੰਮ-ਧੰਦਿਆਂ ਦੀ ਬੁਨਿਆਦ ਉੱਪਰ ਨਵਾਂ ਸਮਾਜਕ ਪ੍ਰਬੰਧ ਉੱਸਰਦਾ ਹੈ। ਇਸ ਨਵੇਂ ਪ੍ਰਬੰਧ ਵਿਚ ਆਪਣੀ ਪਛਾਣ ਨਵੇਂ ਸਿਰੇ ਤੋਂ ਤੈਅ ਕਰਨੀ ਮਾਨਸਿਕ ਜੱਦੋ-ਜਹਿਦ ਦਾ ਮੁੱਦਾ ਬਣ ਜਾਂਦਾ ਹੈ ਪਰ ਨਾਟਕਕਾਰ ਆਪਣੀ ਉਸਾਰੂ ਸੋਚ ਅਧੀਨ ਇਸ ਸੰਕਟਮਈ ਸਥਿਤੀ ਦਾ ਨਿਪਟਾਰਾ ਬਹੁਤ ਸੁਹਿਰਦਤਾ ਨਾਲ ਕਰਦਾ ਪ੍ਰਤੀਤ ਹੁੰਦਾ ਹੈ। ਜਿਵੇਂ ਕਿ ਇਸ ਵਾਰਤਾਲਾਪੀ ਟੋਟੇ ਤੋਂ ਜ਼ਾਹਰ ਹੁੰਦਾ ਹੈ:

"ਦਵਿੰਦਰ: ਉਏ ਥੋਡੇ ਵਾਸਤੇ ਨੀ ਸੰਗ-ਸ਼ਰਮ ਵਾਲ਼ਾ ਧੰਦਾ ਹੋਣਾ ਏਹੇ! ਸਾਡੇ ਜੱਟਾਂ-ਜਿਮੀਂਦਾਰਾਂ ਵਾਸਤੇ ਤਾਂ ਧਰਤੀ 'ਚ ਗਰਕ ਹੋ ਜਾਣ ਵਾਲੀ ਗੱਲ ਹੋ ਜਾਂਦੀ ਐ! ਚਰਨੇ ਨੂੰ ਨਾ ਬਾਈ, ਆਪਾਂ ਨੂੰ ਨੀ ਸ਼ੋਭਾ ਦਿੰਦੇ ਇਹ ਕੰਮੀ-ਕੰਮੀਨਾਂ ਵਾਲ਼ੇ ਕੰਮ!

...

ਸ਼ਰਨ: ਬੇਮਤਲਬ ਨੀ! ਤੂੰ ਸਾਡੇ ਕੰਮ ਨੂੰ ਨੀਵਾਂ ਵਖਾਉਨੈਂ! ਉਸਨੂੰ ਜਾਤਾਂ, ਕੁਜਾਤਾਂ ਨਾਲ਼ ਜੋੜਦੈਂ, ਤਾਂ ਬੋਲਦੈਂ ਮੈਂ!? ਕਿਰਤ ਦੀ ਜਾਤ ਨੀ, ਜਮਾਤ ਹੁੰਦੀ ਐ! ਸਮਝਿਆ?"

ਇਥੋਂ ਨਾਟਕ ਇਕ ਕਿਰਤੀ ਵਰਗ ਦੇ ਸਾਂਝੇ ਸਰੋਕਾਰਾਂ ਦੀ ਗੱਲ ਉਠਾਉਣ ਵੱਲ ਰੁਚਿਤ ਹੁੰਦਾ ਹੈ। ਕਿਰਤੀ ਵਰਗ ਆਪਣੀ ਰੋਜ਼ੀ-ਰੋਟੀ ਲਈ ਕਾਰਖਾਨਿਆਂ ਅਤੇ ਮਿੱਲਾਂ ਉੱਪਰ ਨਿਰਭਰ ਕਰਦਾ ਹੈ। ਉਸ ਕੋਲ ਆਮਦਨ ਦਾ ਕੋਈ ਹੋਰ

ਸਾਧਨ ਵੀ ਨਹੀਂ ਬਚਦਾ। ਜ਼ਮੀਨ ਵੇਚਕੇ ਅਤੇ ਪਿੰਡ ਛੱਡਕੇ ਉਸ ਕੋਲ ਸਿਰਫ ਮਸ਼ੀਨਾ ਨਾਲ ਮਿਹਨਤ ਕਰਨ ਦਾ ਰਾਹ ਹੀ ਰਹਿੰਦਾ ਹੈ। ਜਿਸ ਲਈ ਉਹ ਪੂਰੀ ਮਿਹਨਤ ਅਤੇ ਇਮਾਨਦਾਰੀ ਨਾਲ ਕੰਮ ਕਰਦਾ ਹੈ। ਪਰ ਇਸ ਸ਼ਹਿਰੀ ਪ੍ਰਬੰਧ ਦੀਆਂ ਆਪਣੀਆਂ ਪੇਚੀਦਗੀਆਂ ਵੀ ਹੁੰਦੀਆਂ ਹਨ। ਭ੍ਰਿਸ਼ਟਾਚਾਰ ਦੀ ਬਿਮਾਰੀ ਕਾਰਣ ਹਰੇਕ ਉੱਪਰਲਾ ਅਧਿਕਾਰੀ ਆਪਣੇ ਤੋਂ ਹੇਠਲੇ ਦਰਜੇ ਦੇ ਅਧਿਕਾਰੀ ਜਾਂ ਮਜ਼ਦੂਰ ਦਾ ਸ਼ੋਸ਼ਣ ਕਰਨਾ ਆਪਣਾ ਅਧਿਕਾਰ ਸਮਝਦਾ ਹੈ। ਅਜਿਹੇ ਵਤੀਰੇ ਵਿਰੁਧ ਇਕ ਨਿਰੰਤਰ ਲੜਾਈ ਚਲਦੀ ਰਹਿੰਦੀ ਹੈ ਤੇ ਮਜ਼ਦੂਰ ਵਰਗ ਇਸ ਵਿਚੋਂ ਬਹੁਤ ਥੋੜ੍ਹਾ ਹਾਸਲ ਕਰਕੇ ਵੀ ਕੰਮ-ਧੰਦੇ ਨੂੰ ਛੱਡ ਨਹੀਂ ਸਕਦਾ। ਇਸ ਨਾਟਕ ਦਾ ਪਾਤਰ ਚਰਨਾ ਵੀ ਇਸ ਗੱਲ ਦਾ ਉਦਾਹਰਣ ਹੈ ਕਿ ਇਕ ਕੰਮ ਕਰਦਿਆਂ ਇਕ ਹੱਥ ਵੱਢੇ ਜਾਣ ਦੇ ਬਾਵਜੂਦ ਉਹ ਕਿਰਤ ਨਾਲ ਜੁੜਿਆ ਰਹਿਣਾ ਚਾਹੁੰਦਾ ਹੈ। ਹੱਥ ਵੱਡਿਆ ਜਾਣ ਦੇ ਬਾਵਜੂਦ ਹਿੰਮਤ ਨਾ ਹਾਰਨਾ ਪ੍ਰਤੀਕ ਹੈ ਇਸ ਵਿਵਸਥਾ ਵਿਚ ਪੂਰੀ ਤਨਦੇਹੀ ਨਾਲ ਨਾ ਸ਼ਾਮਲ ਹੋ ਸਕਣ ਦਾ।

ਮੌਜੂਦਾ ਸਮੇਂ ਵਿਚ ਜੋ ਅਰਥ-ਵਿਵਸਥਾ ਆਪਣੀਆਂ ਜੜਾਂ ਫੈਲਾਅ ਰਹੀ ਹੈ ਉਸਨੇ ਇਸ ਤਰ੍ਹਾਂ ਦੇ ਕਿਰਤੀ ਵਰਗ ਨੂੰ ਜੜੋਂ ਪੁੱਟ ਦਿੱਤਾ ਹੈ। ਜਿਸ ਮਿਹਨਤ ਅਤੇ ਤਨਦੇਹੀ ਨਾਲ ਉਹ ਆਪਣੇ ਕੰਮ-ਧੰਦਿਆਂ ਨਾਲ ਜੁੜ ਚੁੱਕੇ ਸਨ ਉਹ ਕੰਮ ਧੰਦੇ ਉਨ੍ਹਾਂ ਕੋਲੋਂ ਖੋਹੇ ਜਾ ਰਹੇ ਹਨ। ਦੇਸ਼ਾਂ ਦੀਆਂ ਵਪਾਰਕ ਹੱਦਾਂ ਖੋਲ੍ਹਣ ਕਾਰਣ ਆਰਥਕ ਸਥਿਤੀਆਂ ਵਿਚ ਬਹੁਤ ਤੇਜ਼ੀ ਨਾਲ ਤਬਦੀਲੀਆਂ ਆ ਰਹੀਆਂ ਹਨ। ਵਿਸ਼ਵੀਕਰਣ ਦੇ ਦੌਰ ਵਿਚ ਸਰਕਾਰ ਆਪਣੀਆਂ ਸਮਾਜਕ ਜ਼ਿੰਮੇਵਾਰੀਆਂ ਛੱਡਕੇ ਕਿਸੇ ਵਪਾਰੀ ਵਰਗੀ ਭੂਮਿਕਾ ਨਿਭਾ ਰਹੀ ਹੈ। ਸਰਕਾਰੀ ਅਦਾਰੇ ਦੇ ਕਾਰਖਾਨਿਆਂ ਅਤੇ ਮਿਲਾਂ ਨੂੰ ਘਾਟੇ ਵਿਚ ਲਿਜਾ ਕੇ ਸਸਤੀ ਜ਼ਮੀਨ ਦੇ ਮੁੱਲ ਵੇਚਿਆ ਜਾ ਰਿਹਾ ਹੈ ਜਿਵੇਂ ਕਿ ਨਾਟਕ ਦਾ ਇਕ ਪਾਤਰ ਨਰਿੰਦਰ ਕਹਿੰਦਾ ਹੈ:

"ਨਰਿੰਦਰ: ਹੋਰ ਸੁਣੋ! ਇਹ ਫੈਕਟਰੀ ਇਸ ਕਰਕੇ ਨੀ ਵੇਚੀ ਜਾ ਰਹੀ ਬਈ ਇਹ ਘਾਟੇ 'ਚ ਜਾ ਰਹੀ ਐ ਸਗੋਂ ਇਸ ਕਰ ਕੇ ਵੇਚੀ ਜਾ ਰਹੀ ਐ ਬਈ ਇਸ ਵਿਚੋਂ ਵੀ ਕਰੋੜਾਂ ਦੀ ਖੱਟੀ ਹੋ ਜਾਣੀ ਐਂ। ਅੰਦਰਖਾਤੇ ਚਾਲੀ ਕਰੋੜ ਦੀ ਪਰਾਪਰਟੀ ਨੂੰ ਕਾਗਜ਼ਾਂ ਵਿਚ ਸਿਰਫ ਚਾਰ-ਪੰਜ ਕਰੋੜ ਵਿੱਚ ਸੁੱਟਣ ਦੀਆਂ ਵਿਉਂਤਾਂ ਬਣਾਈਆਂ ਜਾ ਰਹੀਐਂ। ਤੇ ਇਹ ਸਿਰਫ 'ਕੱਲਾ ਸੇਲਿੰਗ, ਪਰਚੇਜਿੰਗ ਅਫਸਰ ਜਾਂ ਐੱਮ. ਡੀ. ਨੀ ਕਰ ਰਿਹਾ, ਸਹਿਕਾਰਤਾ ਮੰਤਰੀ ਦੀ ਸਰਪ੍ਰਸਤੀ ਹੇਠ ਸਾਰੇ ਮਿਲ ਕੇ ਕਰ ਰਹੇ ਨੇ।"

ਅਜਿਹੀਆਂ ਕਾਰਵਾਈਆਂ ਕਾਰਣ ਇਨ੍ਹਾਂ ਨਾਲ ਜੁੜੇ ਕਿਰਤੀ ਨਵੇਂ ਵਪਾਰੀ ਵਰਗ ਦੇ ਰਹਿਮੋ-ਕਰਮ ਹੇਠ ਆ ਗਏ ਹਨ। ਮੁਨਾਫਾ ਖੱਟ ਰਹੀਆਂ ਅਤੇ ਚਾਲੂ ਮਿਲਾਂ ਤੇ ਕਾਰਖਾਨਿਆਂ ਨੂੰ ਵੀ ਸਸਤੇ ਭਾਅ ਵਿਚ ਨਿੱਜੀ ਕੰਪਨੀਆਂ ਨੂੰ ਵੇਚਿਆ ਜਾ ਰਿਹਾ ਹੈ ਜਿਸ ਕਰਕੇ ਕਿਰਤੀਆਂ ਦੇ ਪੈਰ ਉੱਖੜਦੇ ਜਾ ਰਹੇ ਹਨ। ਕਿਰਤੀ ਪਹਿਲਾਂ ਕਿਰਸਾਨੀ ਦੀਆਂ

ਸਮੱਸਿਆਵਾਂ ਨੂੰ ਝੱਲਕੇ ਹਾਲੇ ਆਪਣੇ ਆਪ ਨੂੰ ਸਥਾਪਿਤ ਹੀ ਕਰ ਰਿਹਾ ਸੀ ਕਿ ਉਨ੍ਹਾਂ ਕੋਲੋਂ ਕਿਰਤ ਵੀ ਖੋਹੀ ਜਾ ਰਹੀ ਹੈ। ਇਸ ਤਰ੍ਹਾਂ ਨਾਟਕਕਾਰ ਬਹੁਤ ਸੁਚੇਤ ਹੋਕੇ ਵਿਸ਼ਵੀਕਰਣ ਦੇ ਬਹਾਨੇ ਆਮ ਕਿਰਤੀ ਦੀ ਰੋਜ਼ੀ-ਰੋਟੀ ਖੋਹਣ ਵਾਲਿਆਂ ਨੂੰ ਬੇਨਕਾਬ ਕਰਨ ਦਾ ਜਤਨ ਕਰਦਾ ਹੈ।ਇਸ ਸਭ ਕਾਸੇ ਨਾਲ ਆਮ ਆਦਮੀ ਕਿਵੇਂ ਪ੍ਰਭਾਵਤ ਹੁੰਦਾ ਹੈ ਇਸੇ ਦਾ ਇਕ ਉਦਾਹਰਣ ਹੈ ਨਾਟਕ ਵਿਚ ਕਾਰਖਾਨੇ ਦੇ ਵਿਕਣ ਦੀ ਗੱਲ। ਇਥੋਂ ਹੀ ਨਵੀਂ ਉੱਭਰ ਰਹੀ ਵਿਸ਼ਵ ਅਰਥ ਵਿਵਸਥਾ ਦੇ ਸਿੱਟੇ ਆਪਣਾ ਅਸਰ ਦਿਖਾਉਂਦੇ ਲਗਦੇ ਹਨ। ਵਿਸ਼ਵੀਕਰਣ ਦੇ ਸਿੱਟਿਆਂ ਨੇ ਖਾਸ ਕਰਕੇ ਪੰਜਾਬ ਦੀ ਆਰਥਕਤਾ ਨੂੰ ਬਹੁਤ ਵੱਡੀ ਸੱਟ ਮਾਰੀ ਹੈ। ਵਿਸ਼ਵੀਕਰਣ ਦੇ ਨਾਅਰੇ ਹੇਠ ਸਰਕਾਰ ਉਦਾਰੀਕਰਣ ਤੇ ਨਿੱਜੀਕਰਣ ਦੀਆਂ ਨੀਤੀਆਂ ਅਪਣਾਕੇ ਅੰਤਰਰਾਸ਼ਟਰੀ ਕੰਪਨੀਆਂ ਦੇ ਵਪਾਰਕ ਹਿੱਤਾਂ ਨੂੰ ਹੀ ਪੂਰਾ ਕਰ ਰਹੀ ਹੈ। ਹੁਣ ਖਪਤਕਾਰੀ ਪ੍ਰਧਾਨ ਵਪਾਰਕ ਵਿਵਸਥਾ ਨੂੰ ਸਿਰਫ ਇਕ ਥਾਂ ਤੋਂ ਸਸਤਾ ਸਮਾਨ ਖਰੀਦ ਕੇ ਦੂਜੀ ਥਾਂ ਮੁਨਾਫੇ ਵਿਚ ਵੇਚਣ ਦੀ ਹੀ ਜਾਚ ਹੈ। ਉਸਦਾ ਸਮਾਜ ਭਲਾਈ ਵਰਗੇ ਮੁੱਦਿਆਂ ਨਾਲ ਕੋਈ ਸਰੋਕਾਰ ਨਹੀਂ ਹੈ। ਅਜਿਹੇ ਸਿਲਸਿਲੇ ਵਿਚ ਸਰਕਾਰੀ ਮਿਲਾਂ ਤੇ ਕਾਰਖਾਨਿਆਂ ਦੇ ਲਾਹੇਵੰਦ ਨਾ ਰਹਿਣ ਕਾਰਣ ਕਿਰਤੀਆਂ ਦਾ ਭਵਿੱਖ ਖਤਰੇ ਵਿਚ ਰਹਿੰਦਾ ਹੈ।

ਨਾਟਕ ਦਾ ਇਕ ਹੋਰ ਅਹਿਮ ਪਾਤਰ ਕੁਲਤਾਰ ਨਾਟਕਕਾਰ ਦੇ ਦ੍ਰਿਸ਼ਟੀਕੋਣ ਦਾ ਵਾਹਕ ਬਣ ਕੇ ਉੱਭਰਦਾ ਹੈ। ਨਾਟਕਕਾਰ ਇਸ ਪਾਤਰ ਰਾਹੀਂ ਆਪਣੀ ਵਿਚਾਰਧਾਰਾ ਮੁਤਾਬਕ ਇਸ ਸਮੱਸਿਆ ਦਾ ਵਿਸ਼ਲੇਸ਼ਣ ਕਰਦਾ ਨਜ਼ਰ ਆਉਂਦਾ ਹੈ। ਜਿਵੇਂ ਕਿ ਵਿਸ਼ਵੀਕਰਣ ਦੇ ਦੌਰ ਦੀ ਕੌੜੀ ਸੱਚਾਈ ਬਾਰੇ ਕੁਲਤਾਰ ਕਹਿੰਦਾ ਹੈ:

"ਕੁਲਤਾਰ: ...ਮੇਰੀ ਸਮਝ ਅਨੁਸਾਰ ਜਿਸ ਤਰ੍ਹਾਂ ਵਿਸ਼ਵ ਸਾਮਰਾਜ ਦੇ ਦਬਾਅ ਅਧੀਨ ਸਾਡੇ ਮੁਲਕ ਨੂੰ ਉਦਾਰੀਕਰਣ ਤੇ ਨਿਜੀਕਰਣ ਦੀਆਂ ਨੀਤੀਆਂ ਅਪਨਾਉਣੀਆਂ ਪਈਆਂ ਹਨ ਉਸਦੇ ਮੱਦੇ-ਨਜ਼ਰ ਨਿਜੀਕਰਣ ਦੀ ਪ੍ਰਕਿਰਿਆ ਨੂੰ ਰੋਕਣਾ ਮੁਸ਼ਕਲ ਹੀ ਨਹੀਂ, ਸਗੋਂ ਅਸੰਭਵ ਜਿਹੀ ਗੱਲ ਐ! ਮੰਦੇ ਭਾਗਾਂ ਨੂੰ ਇਸ ਬੁਰਾਈ ਨੂੰ ਠੱਲ੍ਹ ਪਾਉਣ ਵਾਲ਼ੀ ਕੋਈ ਰਾਜਨੀਤਕ ਤਾਕਤ ਵੀ ਕਿਧਰੇ ਨਜ਼ਰ ਨਹੀਂ ਆ ਰਹੀ, ਉਹ ਸਾਰੀ ਦੀ ਸਾਰੀ ਖੇਰੂੰ-ਖੇਰੂੰ ਹੋਈ ਪਈ ਐ..."

ਇਥੇ ਨਾਟਕਕਾਰ ਸਾਰੀ ਅਸਲੀਅਤ ਨੂੰ ਬਿਆਨ ਕਰਦਾ ਹੋਇਆ ਭਾਵੇਂ ਵਿਸ਼ਵੀਕਰਣ ਨੂੰ ਅਰੋਕਵਾਂ ਵਰਤਾਰਾ ਕਬੂਲਦਾ ਜਾਪਦਾ ਹੈ ਤੇ ਇਸ ਲਈ ਰਾਜਨੀਤਕ ਪੱਧਰ ਤੇ ਕਮਜ਼ੋਰੀ ਨੂੰ ਜ਼ਿੰਮੇਵਾਰ ਦੱਸਦਾ ਹੈ ਪਰ ਫਿਰ ਵੀ ਅਜਿਹੀ ਸਥਿਤੀ ਵਿਚ ਨਿਰਾਸਤਾ ਨਹੀਂ ਦਰਸਾਉਂਦਾ। ਸਗੋਂ ਹਾਲਾਤ ਨੂੰ ਹੋਰ ਬਾਰੀਕੀ ਨਾਲ ਬਿਆਨ ਕਰਕੇ ਸੰਘਰਸ਼ ਜਾਰੀ ਰੱਖਣ ਦਾ ਸੁਨੇਹਾ ਦੇਣਾ ਚਾਹੁੰਦਾ ਹੈ। ਉਹ ਕਿਸੇ ਵੀ ਸੰਘਰਸ਼ ਵਿਚ ਕਿਰਤੀ ਦਾ ਨੁਕਸਾਨ ਨਹੀਂ ਚਾਹੁੰਦਾ ਸਗੋਂ ਸਮੇਂ ਦੇ ਮੁਤਾਬਕ ਤਰੀਕੇ ਬਦਲਣ ਦੀ ਦਲੀਲ ਰਖਦਾ ਹੈ। ਜਿਵੇਂ ਕਿ:

"ਨਰਿੰਦਰ: ਇਹਦਾ ਮਤਲਬ ਤਾਂ ਇਹ ਐ ਕਿ ਆਪਾਂ ਕੋਈ ਸੰਘਰਸ਼ ਹੀ ਨਾ ਵਿੱਢੀਏ!?

ਕੁਲਤਾਰ: ਨਹੀਂ, ਇਹਦਾ ਮਤਲਬ ਇਹ ਐ ਕਿ ਸੰਘਰਸ਼ ਦਾ ਰੂਪ ਅਜਿਹਾ ਹੋਣਾ ਚਾਹੀਦਾਏ ਜਿਸ ਨਾਲ ਵਰਕਰ ਜਮਾਤ ਦਾ ਆਰਥਿਕ ਨੁਕਸਾਨ ਘੱਟ ਤੋਂ ਘੱਟ ਹੋਵੇ ਤੇ ਆਪਣਾ ਟੀਚਾ ਪੂਰਾ ਕਰਨ ਦੀਆਂ ਸੰਭਾਵਨਾਵਾਂ ਵੱਧ ਤੋਂ ਵੱਧ ਹੋਣ!"

ਇਥੋਂ ਨਾਟਕਕਾਰ ਆਪਣੀ ਪ੍ਰਗਤੀਵਾਦੀ ਵਿਚਾਰਧਾਰਾ ਨੂੰ ਅੱਗੇ ਰੱਖਕੇ ਇਸ ਸਮੱਸਿਆ ਦੇ ਰੂਬਰੂ ਹੁੰਦਾ ਹੈ। ਕਈ ਥਾਵਾਂ ਤੇ ਭਾਸ਼ਣਕਾਰੀ ਵਾਰਤਾਲਾਪ ਰਾਹੀਂ ਅਜੋਕੀ ਸਥਿਤੀ/ਅਰਥ ਵਿਵਸਥਾ ਦੇ ਤਾਣੇਬਾਣੇ ਨੂੰ ਸਪਸ਼ਟ ਕਰਦਾ ਹੈ। ਫਿਰ ਇਨ੍ਹਾਂ ਵਿਚੋਂ ਚੇਤਨਾ ਪੈਦਾ ਕਰਕੇ ਕੋਈ ਰਾਹ ਤਲਾਸ਼ ਕਰਨ ਦੀ ਸੋਝੀ ਦਿੰਦਾ ਹੈ। ਅਸਲ ਵਿਚ ਨਾਟਕਕਾਰ ਜਿਨ੍ਹਾਂ ਸਥਿਤੀਆਂ ਨੂੰ ਨਾਟਕ ਵਿਚ ਉਭਾਰਦਾ ਹੈ ਉਸ ਵਿਚ ਬਹੁਤ ਕੁਝ ਅਣਕਿਹਾ ਵੀ ਝਲਕਦਾ ਹੈ। ਘਟਨਾਵਾਂ ਅਤੇ ਸਥਿਤੀਆਂ ਦੀ ਵਿਸ਼ਲੇਸ਼ਣਾਤਮਕ ਪੇਸ਼ਕਾਰੀ ਰਾਹੀਂ ਨਾਟਕਕਾਰ ਦਰਸ਼ਕਾਂ/ਪਾਠਕਾਂ ਨੂੰ ਖੁਦ ਇਸ ਸਮੱਸਿਆ ਬਾਰੇ ਸੁਤੰਤਰ ਹੋਕੇ ਸੋਚਣ ਦਾ ਮੌਕਾ ਦਿੰਦਾ ਹੈ। ਅਸਲ ਵਿਚ ਵਿਸ਼ਵੀਕਰਣ ਦੇ ਅਮਲ ਹੇਠ ਕਈ ਤਰ੍ਹਾਂ ਦੀਆਂ ਸਮੱਸਿਆਂ ਖੜੀਆਂ ਹੋਈਆਂ ਹਨ ਜੋ ਆਪੋ ਵਿਚ ਜੁੜੀਆਂ ਹੋਈਆਂ ਵੀ ਹਨ। ਇਸ ਨੂੰ ਥੋੜ੍ਹਾ ਵਿਸਤਾਰ ਨਾਲ ਵਿਚਾਰਨਾ ਜ਼ਰੂਰੀ ਜਾਪਦਾ ਹੈ।

ਵਿਸ਼ਵੀਕਰਣ ਦੇ ਨਿਜ਼ਾਮ ਵਿਚ ਵਪਾਰਕ ਫਾਇਦਿਆਂ ਲਈ ਗ਼ੈਰ-ਰਾਜਨੀਤਕ ਸਰਹੱਦਾਂ ਨੂੰ ਖਤਮ ਕਰਨ ਦਾ ਮਨੋਰਥ ਵੀ ਇਕ ਪ੍ਰਕਾਰ ਦੇ ਵਪਾਰਕ ਨਿਜ਼ਾਮ ਨੂੰ ਵਧਾਉਣਾ ਹੈ। ਸਰਹੱਦਾਂ ਸਿਰਫ ਗ਼ਰੀਬ ਦੇਸ਼ਾਂ ਦੀਆਂ ਹੀ ਖਤਮ ਕਰਨ ਦਾ ਅਮਲ ਚਲ ਰਿਹਾ ਹੈ ਜਦਕਿ ਅਮੀਰ ਦੇਸ਼ ਸਿਰਫ ਆਪਣੇ ਵਰਗੇ ਖੁਸ਼ਹਾਲ ਦੇਸ਼ ਲਈ ਹੀ ਸਰਹੱਦਾਂ ਖੋਲ੍ਹ ਰਹੇ ਹਨ। ਉਨੰਤ ਦੇਸ਼ਾਂ ਨੂੰ ਭਾਰਤ ਵਰਗੇ ਦੇਸ਼ਾਂ ਵਿਚ ਸਿਰਫ ਖਰਤਕਾਰਾਂ ਦੀ ਹੀ ਲੋੜ ਹੈ। ਇਥੋਂ ਦੇ ਸੰਤੁਲਿਤ ਵਿਕਾਸ ਦਾ ਕੋਈ ਪ੍ਰੋਗਰਾਮ ਨਹੀਂ ਹੈ। ਭਾਰਤ ਵਰਗੇ ਦੇਸ਼ ਵਿਚ ਜਿਥੇ ਮਾਨਵੀ-ਸਾਧਨਾਂ ਦੀ ਬਹੁਤਾਤ ਹੈ ਉਥੇ ਗ਼ੈਰ ਜ਼ਰੂਰੀ ਖਪਤਕਾਰੀ ਵਸਤਾਂ ਦੀ ਵਿਕਰੀ ਲਈ ਪ੍ਰਚਾਰ ਕਾਰਣ ਲੋਕੀਂ ਆਪਣੀਆਂ ਬੁਨਿਆਦੀ ਸਮੱਸਿਆਂ ਨੂੰ ਸਮਝ ਨਹੀਂ ਪਾ ਰਹੇ। ਉਨ੍ਹਾਂ ਨੂੰ ਪ੍ਰਸਾਰਣ ਦੇ ਨਵੇਂ ਸਾਧਨਾਂ ਨਾਲ ਪ੍ਰਚਾਇਆ ਜਾ ਰਿਹਾ ਹੈ।

ਵਿਸ਼ਵੀਕਰਣ ਦੇ ਦੌਰ ਵਿਚ ਉਦਾਰੀਕਰਣ ਅਤੇ ਨਿੱਜੀਕਰਣ ਦੀਆਂ ਨੀਤੀਆਂ ਸਿਰਫ ਵਪਾਰੀ ਵਰਗ ਦੇ ਹਿੱਤ ਪੂਰੇ ਕਰ ਸਕਦੀਆਂ ਹਨ ਪਰ ਇਸ ਬਦਲਾਵ ਵਿਚ ਕਿਰਤੀਆਂ ਤੇ ਕਿਸਾਨਾਂ ਦੀਆਂ ਸਮੱਸਿਆਵਾਂ ਵਲ ਕੋਈ ਧਿਆਨ ਨਹੀਂ ਦਿੱਤਾ ਜਾ ਰਿਹਾ। ਕੋਈ ਵੀ ਆਰਥਕ ਨਿਜ਼ਾਮ ਕਿਉਂ ਨਾ ਹੋਵੇ ਉਹ ਪੈਦਾਵਾਰੀ ਪ੍ਰਬੰਧ ਨੂੰ ਨਜ਼ਰ ਅੰਦਾਜ਼ ਕਰਕੇ ਬਹੁਤਾ ਸਮਾਂ ਵਿਕਾਸ ਨਹੀਂ ਕਰ ਸਕਦਾ। ਵਪਾਰ ਲਈ ਲਾਜ਼ਮੀ ਪੈਦਾਵਾਰੀ ਪ੍ਰਬੰਧ ਦੀਆਂ ਜ਼ਰੂਰਤਾਂ ਨੂੰ ਪੂਰਾ ਕਰਨਾ ਵੀ

ਇਸੇ ਦੀ ਹੀ ਜ਼ਿੰਮੇਵਾਰੀ ਬਣਦੀ ਹੈ। ਕਿਰਤੀਆਂ ਅਤੇ ਕਿਸਾਨਾਂ ਪ੍ਰਤੀ ਬੇਰੁਖ਼ੀ ਵਾਲਾ ਰਵੱਈਆ ਅਪਣਾਕੇ ਇਹ ਆਰਥਕ ਪ੍ਰਬੰਧ ਟੁੱਟ ਸਕਦਾ ਹੈ। ਭਾਰਤ ਵਰਗੇ ਸਮਾਜ ਦੀ ਲੋੜ ਮਨੁੱਖੀ-ਸਾਧਨਾਂ ਦੀ ਵਧੇਰੇ ਵਰਤੋਂ ਵਾਲੀਆਂ ਤਕਨੀਕਾਂ ਹਨ ਨਾਂ ਕਿ ਵਧੇਰੇ ਮਸ਼ੀਨੀਕਰਣ ਜਾਂ ਵਿਸ਼ਵੀਕਰਣ ਦੀ ਨੀਤੀ ਹੇਠ ਚਲਦੀਆਂ ਹੋਈਆਂ ਸਨਅਤੀ ਇਕਾਈਆਂ ਨੂੰ ਬੰਦ ਕਰਨ ਜਾਂ ਵੇਚਣ ਦੀ। ਨਵੀਂ ਟੈਕਨਾਲੋਜੀ ਰਾਹੀਂ ਘੱਟ ਮਨੁੱਖੀ-ਸਾਧਨਾ ਨਾਲ ਵਧੇਰੇ ਉਤਪਾਦਨ ਹਾਸਲ ਕਰਨਾ ਉਨ੍ਹਾਂ ਦੇਸ਼ਾਂ ਵਿਚ ਤਾਂ ਲਾਹੇਵੰਦ ਹੈ ਜਿਥੇ ਅਬਾਦੀ ਬਹੁਤ ਥੋੜ੍ਹੀ ਹੈ।

ਪਰ ਭਾਰਤ ਵਿਚ ਅਜਿਹੀ ਤਕਨੀਕ ਨਾਲ ਵਧੇਰੇ ਸਨਅਤੀ ਪੈਦਾਵਾਰ ਹਾਸਲ ਕਰਕੇ ਆਮ ਲੋਕ ਭੁੱਖ ਦਾ ਮੁਕਾਬਲਾ ਨਹੀਂ ਕਰ ਸਕਦੇ। ਜ਼ਰੂਰਤ ਤਾਂ ਹੈ ਜ਼ਿਰਾਇਤੀ ਪੈਦਾਵਾਰ ਵਧਾਉਣ ਦੀ। ਸਵਾ ਅਰਬ ਲੋਕਾਂ ਦੀ ਭੁੱਖ ਮਿਟਾਉਣ ਲਈ ਖੇਤੀ ਨੂੰ ਤਰਜੀਹ ਦੇਣ ਦੀ। ਕਿਰਸਾਨੀ ਨੂੰ ਉਤਸ਼ਾਹਤ ਕਰਨ ਦੀ ਲੋੜ ਹੈ ਨਾ ਕਿ ਨਿਰੋਲ ਕਿਰਤ ਨੂੰ ਜਾਂ ਵਪਾਰ ਨੂੰ ਉਤਸ਼ਾਹਤ ਕਰਨ ਦੀ। ਵਪਾਰਕ ਲਾਭ ਲਈ ਅਪਣਾਈਆਂ ਨੀਤੀਆਂ ਨੇ ਜਿਨ੍ਹਾਂ ਅੰਤਰਰਾਸ਼ਟਰੀ ਕੰਪਨੀਆਂ ਨੂੰ ਵੱਕਤੀ ਲਾਭ ਦੇਣਾ ਹੈ ਉਨ੍ਹਾਂ ਨੇ ਮੁਨਾਫਾ ਘੱਟਣਸਾਰ ਇਥੋਂ ਚਲੇ ਜਾਣਾ ਹੈ ਤੇ ਉਨ੍ਹਾਂ ਆਸਰੇ ਇਥੇ ਬੈਠਾ ਕਿਰਤੀ ਵੀ ਬੇਕਾਰ ਹੋ ਜਾਏਗਾ। ਉਨ੍ਹਾਂ ਕੰਪਨੀਆਂ ਦੀ ਕੋਈ ਸਮਾਜਕ ਜ਼ਿੰਮੇਵਾਰੀ ਨਿਸ਼ਚਤ ਨਹੀਂ ਕੀਤੀ ਗਈ ਹੈ। ਭੁੱਖ ਨਾਲ ਜੂਝ ਰਹੇ ਕਰੋੜਾਂ ਭਾਰਤੀਆਂ ਵਾਸਤੇ ਕਿਸੇ ਵੀ ਦੇਸ਼ ਕੋਲ ਇਨਾਂ ਅੰਨ ਭੰਡਾਰ ਨਹੀਂ ਹੋਣਾ ਕਿ ਭਾਰਤ ਦੀ ਮੰਗ ਪੂਰੀ ਕਰ ਸਕੇ। ਜੇਕਰ ਹੋਵੇ ਵੀ ਤਾਂ ਗ਼ਰੀਬ ਮੁਲਕ ਦੇ ਗ਼ਰੀਬ ਤੇ ਬੇਰੁਜ਼ਗਾਰ ਲੋਕਾਂ ਲਈ ਅੰਨ ਖਰੀਦਣ ਦੀ ਸਮਰੱਥਾ ਵੀ ਨਹੀਂ ਹੋਣੀ। ਇਸ ਚਰਚਾ ਦਾ ਭਾਵ ਇਹ ਹੈ ਕਿ ਵਿਸ਼ਵੀਕਰਣ ਦੇ ਸੁਖਾਵੇਂ ਲਗਦੇ ਸੁਫਨੇ ਪਿੱਛੇ ਦੀ ਕੌੜੀ ਹਕੀਕਤ ਭਾਰਤ ਵਰਗੇ ਦੇਸ਼ ਲਈ ਸਰਾਪ ਸਾਬਤ ਹੋਵੇਗੀ। ਉਦਾਰੀਕਰਣ ਤੇ ਨਿੱਜੀਕਰਣ ਰਾਹੀਂ ਸਰਕਾਰ ਤਾਂ ਆਪਣੀਆਂ ਸਾਰੀਆਂ 'ਭਲਾਈ-ਰਾਜ' ਦੀਆਂ ਜ਼ਿੰਮੇਵਾਰੀਆਂ ਤੋਂ ਮੁਕਤ ਹੋ ਕੇ ਮੂਕ ਦਰਸ਼ਕ ਬਣਕੇ ਰਹਿ ਜਾਏਗੀ। ਇਸ ਕਠੋਰ ਸੱਚਾਈ ਦਾ ਇਕ ਸਬੂਤ ਤਾਂ ਅਜੋਕੀ ਅਰਥ-ਵਿਵਸਥਾ ਵਿਚ ਪੈਦਾ ਹੋ ਰਹੀ ਮਹਿੰਗਾਈ ਦੀ ਸਮੱਸਿਆ ਜਾਂ ਸਿੱਕੇ ਦੇ ਪਸਾਰ ਦੀ ਸਮੱਸਿਆਂ। ਜਿਥੇ ਇਕ ਪਾਸੇ ਆਮ ਵਰਤੋਂ ਦੀਆਂ ਚੀਜ਼ਾਂ ਦੀਆਂ ਕੀਮਤਾਂ ਵੱਧ ਰਹੀਆਂ ਨੇ ਉੱਥੇ ਨਾਲ ਹੀ ਵਿਸ਼ਵ ਪੱਧਰ 'ਤੇ ਜਿਣਸੀ ਪੈਦਾਵਾਰ ਬਹੁਤ ਘੱਟ ਗਈ ਹੈ ਤੇ ਭਵਿੱਖ ਲਈ ਰੱਖੇ ਗਏ ਅੰਨ ਦੇ ਭੰਡਾਰ ਵੀ ਘੱਟਦੇ ਜਾ ਹਰੇ ਹਨ।

ਇਸ ਸੰਦਰਭ ਵਿਚ ਅਜਮੇਰ ਔਲਖ ਦਾ ਇਹ ਨਾਟਕ ਬਹੁਤ ਸਾਰਥਕ ਕਾਰਜ ਜਾਪਦਾ ਹੈ । ਔਲਖ ਨੇ ਇਸ ਨਾਟਕ ਨੂੰ ਵੀ ਨਵੇਂ ਬਦਲ ਰਹੇ ਆਲਮੀ ਨਿਜ਼ਾਮ ਦੀਆਂ ਕੌੜੀਆਂ ਸੱਚਾਈਆਂ ਨੂੰ ਸਾਹਮਣੇ ਰੱਖਕੇ ਪੇਸ਼ ਕੀਤਾ ਹੈ। ਪੇਂਡੂ ਜੀਵਨ ਦੀਆਂ ਕਠੋਰ ਸੱਚਾਈਆਂ ਨੂੰ ਬਹੁਤ ਬਾਰੀਕੀ ਨਾਲ ਸਮਝਣ ਦੇ ਸਮਰੱਥ ਅਤੇ ਉਸਾਰੂ ਸੋਚ ਲਈ ਪ੍ਰਤੀਬੱਧ

ਅਜਮੇਰ ਔਲਖ ਬਦਲਾਵ ਦੀ ਮੁਖ਼ਾਲਫਤ ਨਹੀਂ ਕਰਦਾ ਸਗੋਂ ਇਸਦਾ ਸਾਹਮਣਾ ਕਰਨ ਦੀ ਚੇਤਨਾ ਜਗਾਉਂਦਾ ਹੈ। ਜਿਵੇਂ ਕਿ:

"ਚਰਨ: ਉਏ ਕੀ ਤੋਂ ਕੀ ਹੋ-ਗਿਆ ਨਰਿੰਦਰ ਸਿਆਂ! ਅਜੇ ਸਾਲ਼ੀ ਸੋਚ ਉਸੇ ਤਰ੍ਹਾਂ ਜੰਗਾਲ਼ੀ ਰਹੂ? ਝੱਖੜ ਈ ਸਿਖਾਉਂਦੇ ਨੇ ਬੰਦੇ ਨੂੰ ਭਾਈ, ਬਈ ਝਖੜਾਂ ਮੂਹਰੇ ਕਿਵੇਂ ਹਿੱਕਾਂ ਡਾਹੁਣੀ ਐਂ?

ਨਰਿੰਦਰ: ਬਿਲਕੁਲ ਸੱਚੀ ਗੱਲ ਐ ਚਾਚਾ ਤੇਰੀ! ਅਮਲ ਵਿਚੋਂ ਹੀ ਪੈਦਾ ਹੁੰਦੀ ਹੈ ਬੰਦੇ ਦੀ ਸੋਚ!"

ਵਿਸ਼ਵੀਕਰਣ ਦੇ ਇਸ ਵੱਡੇ ਅਮਲ ਸਾਹਮਣੇ ਭਾਵੇਂ ਸਾਰੇ ਜਤਨ ਛੋਟੇ ਜਾਪਦੇ ਹੋਣ ਪਰ ਕਿਰਤੀ ਨਿੱਕੇ ਸੂਰਜਾਂ ਵਾਂਗ ਚੇਤਨਾ-ਮੁੱਖੀ ਹੋਕੇ ਲੜਾਈ ਜਾਰੀ ਰਖਣਗੇ। ਇਸ ਨਾਟਕ ਦੇ ਨਾਂ ਦੇ ਨਾਲ ਨਾਲ ਅਰੰਭ ਵਿਚ ਦਰਜ ਗਿਆਰਵੀਂ ਸਦੀ ਦੇ ਕੰਨੜ-ਕਵੀ ਬਸਵੰਨਾ ਦੀਆਂ ਕਾਵਿ-ਸਤਰਾਂ ਵੀ ਅਜਮੇਰ ਔਲਖ ਦੇ ਇਸ ਨਾਟਕ ਦਾ ਵਿਚਾਰਧਾਰਾਈ ਪ੍ਰੇਰਣਾ ਸਰੋਤ ਜਾਪਦੀਆਂ ਹਨ:

"ਜੋ ਖੜ੍ਹ ਜਾਂਦੇ ਨੇ
ਉਹ ਢੈ ਪੈਂਦੇ ਨੇ।
ਜੋ ਚਲਦੇ ਰਹਿੰਦੇ ਨੇ
ਬਸ ਉਹੀ ਰਹਿੰਦੇ ਨੇ!"

ਸਮੇਂ ਦੇ ਨਾਲ ਅਤੇ ਹਾਲਾਤ ਨੂੰ ਵੇਖ ਕੇ ਸੰਘਰਸ਼ ਦਾ ਰੂਪ ਆਪੇ ਹੀ ਤੈਅ ਹੋ ਜਾਂਦਾ ਹੈ ਅਰਥਾਤ ਨਵੀਂਆਂ ਸਥਿਤੀਆਂ ਵਿਚ ਇਸ ਵੇਲੇ ਭਾਵੇਂ ਇਹ ਸੰਘਰਸ਼ ਕਠਿਨ ਜਾਪਦਾ ਹੋਵੇ ਪਰ 'ਖੜ੍ਹੇ ਰਹਿਣ ਵਾਲੇ ਢਹਿ ਪੈਂਦੇ ਨੇ ਤੇ ਜੋ ਚਲਦੇ ਰਹਿੰਦੇ ਨੇ ਉਹੀ ਰਹਿੰਦੇ ਨੇ'। ਪੰਜਾਬ ਨੇ ਪਹਿਲਾਂ ਵੀ ਸੰਘਰਸ਼ ਕੀਤੇ ਹਨ ਜਿਸਦਾ ਜ਼ਿਕਰ ਔਲਖ ਨੇ ਅਸਿਧੇ ਤੌਰ 'ਤੇ ਕੀਤਾ ਹੈ। ਉਸ ਦੇ ਨਤੀਜਿਆਂ ਨੂੰ ਵੀ ਸਵੀਕਾਰ ਕਰਦਾ ਹੋਇਆ ਇਸਨੂੰ ਇਕ ਨਿਰੰਤਰ ਸੰਘਰਸ਼ ਦਾ ਹੀ ਹਿੱਸਾ ਮੰਨਦਾ ਹੈ:

ਕੁਲਤਾਰ: ... ਕੀ ਗੱਲ ਤਾਇਆ ਸਿਆਣਾ-ਬਿਆਣਾ ਹੋ ਕੇ ਰੋਈ ਜਾਨੈ? ਐਡੀ ਕੀ ਗੱਲ ਐ! ਵੱਧ ਤੋਂ ਵੱਧ ਫਾਂਸੀ ਹੋ-ਜੂ ਚਾਚੇ ਨੂੰ! ਜਮਾਤੀ ਲੜਾਈਆਂ 'ਚ ਇਸ ਤਰ੍ਹਾਂ ਹੁੰਦਾ ਈ ਹੁੰਦੈ! ਇਹ ਵੀ ਇੱਕ ਲੜਾਈ ਐ, ਲੜਾਈ ਦਾ ਇੱਕ ਰੂਪ! ਹੋ ਸਕਦੈ ਇਹ ਗ਼ਲਤ ਹੋਵੇ! ਗ਼ਲਤ ਹੋਇਆ ਤਾਂ ਠੀਕ ਕਰਲਾਂਗੇ। ਵੱਡੀ ਗੱਲ ਰੂਪ ਦੀ ਨੀ, ਅੰਦਰਲੇ

ਤੱਤ ਦੀ ਐ। ਤੇ ਤੱਤ ਇਹ ਐ ਤਾਇਆ ਕਿ ਆਪਾਂ ਚੁੱਪ ਨੀ ਬੈਠੇ ਹੋਏ, ਲੜ ਰਹੇ ਐਂ। ਲੜ ਰਹੇ ਐਂ ਤਾਂ ਕਦੇ ਲੜਨ ਦਾ ਢੰਗ ਵੀ ਆ ਜੂ!"